# ਸਹਾਇਕ ਰਿਟਰਨਿੰਗ ਅਫਸਰ, 094 ਤਲਵੰਡੀ ਸਾਬੋ-ਕਮ-
# ਉਪ ਮੰਡਲ ਮੈਜਿਸਟਰੇਟ ਤਲਵੰਡੀ ਸਾਬੋ

1140
14/5/24

ਨੰਬਰ/- ਚੋਣਾਂ/ਤਸਾਬੋ ਮਿਤੀ

ਵੱਲ ,

ਸਮੂਹ ਸੁਪਰਵਾਈਜ਼ਰ,
094 ਤਲਵੰਡੀ ਸਾਬੋ।

14/5/24

ਵਿਸ਼ਾ- ਲੋਕ ਸਭਾ ਚੋਣਾਂ 2024-ਵੋਟਰ ਇੰਨਫਾਰਮੇਸ਼ਨ ਸਲਿੱਪਾਂ ਦੀ ਵੰਡ ਕਰਨ ਸਬੰਧੀ ।
ਹਵਾਲਾ- ਜ਼ਿਲ੍ਹਾ ਚੋਣ ਦਫਤਰ ਬਠਿੰਡਾ ਦਾ ਪੱਤਰ ਨੰਬਰ 3487-92 ਮਿਤੀ 06.05.2024।

ਉਪਰੋਕਤ ਵਿਸ਼ੇ ਸਬੰਧੀ ਹਵਾਲੇ ਅਧੀਨ ਪੱਤਰ ਰਾਂਹੀ ਇਸ ਦਫਤਰ ਨੂੰ ਸਮੂਹ ਵੋਟਰਾਂ ਲਈ ਵੋਟਰ ਸਲਿੱਪਾਂ ਪ੍ਰਾਪਤ ਹੋਈਆਂ ਹਨ । ਇਹ ਵੋਟਰ ਸਲਿੱਪਾਂ ਇਸ ਦਫਤਰ ਪਾਸੋਂ ਪ੍ਰਾਪਤ ਕੀਤੀਆਂ ਜਾਣ। ਇਹ ਸਲਿੱਪਾਂ ਜ਼ਿਲ੍ਹਾ ਚੋਣ ਦਫਤਰ ਦੀਆਂ ਹਦਾਇਤਾਂ ਅਨੁਸਾਰ ਮਿਤੀ 21.05.2024 ਤੋਂ 25.05.2024 ਤੱਕ ਬੀ.ਐਲ.ਓਜ ਵਲੋਂ ਘਰ ਘਰ ਜਾ ਕੇ ਵੋਟਰਾਂ ਨੂੰ ਵੰਡੀਆਂ ਜਾਣੀਆਂ ਹਨ । ਵੋਟਰ ਸਲਿਪਾਂ ਦੀ ਵੰਡ/ਅਣਵੰਡ ਦਾ ਪੂਰਾ ਰਿਕਾਰਡ ਨਾਲ ਨੱਥੀ 2 ਪ੍ਰੋਫਾਰਮਿਆਂ ਵਿੱਚ ਬੀ.ਐਲ.ਓ ਵਲੋਂ ਰਜਿਸ਼ਟਰ ਮੇਨਟੇਨ ਕਰਕੇ ਰੱਖਿਆ ਜਾਵੇਗਾ ।ਰਜਿਸ਼ਟਰ ਵਿੱਚ ਵੋਟਰ/ਪਰਿਵਾਰ ਦੇ ਮੁਖੀ ਜਾਂ ਬਾਲਗ ਮੈਂਬਰ ਦੇ ਹਸਤਾਖਰ/ਅੰਗੂਠੇ ਦੇ ਨਿਸ਼ਾਨ ਪ੍ਰਾਪਤ ਕੀਤੇ ਜਾਣ। ਇਸ ਪੂਰੀ ਕਾਰਵਾਈ ਦੀ ਸੁਪਰਵਿਜ਼ਨ ਅਤੇ ਰਜ਼ਿਸਟਰ ਦੀ ਚੈਕਿੰਗ ਸੁਪਰਵਾਈਜ਼ਰ ਵਲੋਂ ਕੀਤੀ ਜਾਵੇਗੀ ।ਰਜਿਸ਼ਟਰ 26.05.2024 ਤੱਕ ਇਸ ਦਫਤਰ ਵਿਖੇ ਜਮਾਂ ਕਰਵਾਏ ਜਾਣ। ਸਮੂਹ ਅਣਵੰਡੀਆਂ ਵੋਟਰ ਸਲਿਪਾਂ ਮਿਤੀ 26.05.2024 ਨੂੰ ਇਸ ਦਫਤਰ ਵਿਖੇ ਸੈਕਟਰ ਅਫਸਰ ਵਲੋਂ ਬੂਥ ਵਾਈਜ਼ ਸਮੇਤ ਅਣਵੰਡੀਆਂ ਸਲਿੱਪਾਂ ਦੀ ਐਲਫਾਬੈਟੀਕਲ ਤਰਤੀਬ ਅਨੁਸਾਰ ਲਿਸਟ (ਜਿਸ ਵਿੱਚ ਵੰਡੇ ਨਾਂ ਜਾਣ ਸਬੰਧੀ ਕਾਰਨ ਦਰਸਾਇਆ ਹੋਵੇ) ਜਮਾਂ ਕਰਵਾਈਆਂ ਜਾਣ। ਇਹ ਵੋਟਰ ਜਾਗਰੂਕਤਾ ਅਤੇ ਵੋਟਰ ਜਾਣਕਾਰੀ ਲਈ ਇੱਕ ਮਹੱਤਵਪੂਰਨ ਦਸਤਾਵੇਜ਼ ਹੈ ਇਸ ਦੀ ਸਮੇਂ ਅਨੁਸਾਰ ਸਹੀ ਵੰਡ ਕਰਨੀ ਯਕੀਨੀ ਬਣਾਈ ਜਾਵੇ।
ਨੱਥੀ - ਉਕਤ ਅਨੁਸਾਰ ਵੰਡੀਆਂ ਅਤੇ ਅਣਵੰਡੀਆਂ ਸਲਿੱਪਾਂ ਸਬੰਧੀ ਪ੍ਰੋਫਾਰਮੇ।

Sd/-
ਸਹਾਇਕ ਰਿਟਰਨਿੰਗ ਅਫਸਰ 094 ਤਲਵੰਡੀ ਸਾਬੋ
-ਕਮ-ਉਪ ਮੰਡਲ ਮੈਜਿਸਟਰੇਟ,
ਤਲਵੰਡੀ ਸਾਬੋ।

ਪਿੱਠ:ਅੰਕਣ ਨੰਬਰ /ਚੋਣਾ..6478-6489 ਮਿਤੀ..9/5/2024
ਉਪਰੋਕਤ ਦਾ ਉਤਾਰਾ -
(1) ਜ਼ਿਲ੍ਹਾ ਚੋਣ ਦਫਤਰ ਬਠਿੰਡਾ ਜੀ ਨੂੰ ਸੂਚਨਾ ਹਿੱਤ।
(2) ਤਹਿਸੀਲਦਾਰ ਤਲਵੰਡੀ ਸਾਬੋ -ਏ.ਆਰ.ਓ ( 1) ਨੂੰ ਸੂਚਨਾ ਲਈ ।
(3) ਬੀ.ਡੀ.ਪੀ.ਓ ਤਲਵੰਡੀ ਸਾਬੋ- ਏ.ਆਰ.ਓ (2) ਨੂੰ ਸੂਚਨਾ ਲਈ ।
(4) ਸਬੰਧਤ ਵਿਭਾਗ ......................................,ਜ਼ਿਲ੍ਹਾ ਸਿੱਖਿਆ ਅਫਸਰ ਸਕੈਂਡਰੀ ਸਿੱਖਿਆ ਅਤੇ ਐਲੀਮੈਂਟਰੀ ਸਿੱਖਿਆ ਬਠਿੰਡਾ, ਜ਼ਿਲ੍ਹਾ ਖੇਤੀਬਾੜੀ ਅਫਸਰ ਬਠਿੰਡਾ , ਐਸ.ਐਮ.ਓ ਤਲਵੰਡੀ ਸਾਬੋ, ਐਸ.ਡੀ.ਓ ਕਨਾਲ ਤਲਵੰਡੀ ਸਾਬੋ, ਕਾਰਜ ਸਾਧਕ ਅਫਸਰ ਨਗਰ ਕੌਂਸਲ ਰਾਮਾਂ ਨੂੰ ਭੇਜ਼ ਕੇ ਲਿਖਿਆ ਜਾਦਾ ਹੈ ਕਿ ਆਪ ਦੇ ਅਧੀਨ ਕੰਮ ਕਰਦੇ ਬੀ.ਐਲ.ਓਜ ਨੂੰ ਮਿਤੀ 21.05.2024 ਤੋਂ 01.06.2024 ਤਕ ਪੱਕੇ ਤੌਰ ਤੇ ਚੋਣ ਡਿਊਟੀ ਲਈ ਰਲੀਵ ਕੀਤਾ ਜਾਵੇ ।
(5) ਸਮੂਹ ਬੀ.ਐਲ.ਓਜ਼ ਨੂੰ ਪਾਲਣਾ ਲਈ ਭੇਜ਼ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਕੋਈ ਵੀ ਬੀ.ਐਲ.ਓ ਬਿਨਾਂ ਇਸ ਦਫਤਰ ਦੀ ਇਜ਼ਾਜਤ ਦੇ ਆਪਣਾ ਸਟੇਸ਼ਨ ਨਹੀਂ ਛਡੇਗਾ ।
(6) ਵੋਟਰ ਸੂਚੀ ਟੀਮ 094 ਤਲਵੰਡੀ ਸਾਬੋ ਨੂੰ ਅਣਵੰਡੀਆਂ ਵੋਟਰ ਸਲਿੱਪਾਂ ਦੀ ਉਕਤ ਸਮੇਂ ਸਾਰਨੀ ਅਨੁਸਾਰ ਅਣਵੰਡੀਆਂ ਵੋਟਰ ਸਲਿੱਪਾਂ ਪ੍ਰਾਪਤ ਕਰਕੇ ਬੂਥ ਵਾਈਜ ਐਲਫਾਬੈਟੀਕਲ ਲਿਸਟ ਤਿਆਰ ਕਰਨ ਸਬੰਧੀ ।

ਸਹਾਇਕ ਰਿਟਰਨਿੰਗ ਅਫਸਰ 094 ਤਲਵੰਡੀ ਸਾਬੋ
-ਕਮ-ਉਪ ਮੰਡਲ ਮੈਜਿਸਟਰੇਟ,
ਤਲਵੰਡੀ ਸਾਬੋ।

ਕੁਲ ਪੰਨੇ - 2

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ**

ਪਿਠ ਅੰਕਣ ਨੰ :ਜੀ-4 ( )2024 / 5081 ਮਿਤੀ : 14.05.24

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ, ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।

14/5/24

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।